# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਚੌਥੀ ਮੰਜਿਲ, ਫੇਸ 8, ਸਅਸ ਨਗਰ (ਫੋਨ:0172-5212311)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਬੰਧਤ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)
ਪੰਜਾਬ।

ਪੱਤਰ ਨੰ. 12/10-CAL/E174924/2021/ 131998
ਮਿਤੀ 19/05/2021

**ਵਿਸ਼ਾ: Computer Aided Learning (CAL) ਸਕੀਮ ਅਧੀਨ ਸਕੂਲਾਂ ਵਿੱਚ ਉਪਲਬਧ ਕਰਵਾਏ ਗਏ Multimedia Devices ਦੀ ਵਰਤੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕਰਨ ਸਬੰਧੀ।**

1.0 ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ) ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 6ਵੀਂ ਤੋਂ 8ਵੀਂ ਕਲਾਸ ਦੇ ਵਿਦਿਆਰਥੀਆਂ ਦੀ ਅੰਗਰੇਜੀ, ਮੈਥ ਅਤੇ ਸਾਇੰਸ ਵਰਗੇ ਔਖੇ ਵਿਸ਼ਿਆ ਵਿੱਚ ਰੁਚੀ ਪੈਦਾ ਕਰਨ ਲਈ Computer Aided Learning (CAL) ਸਕੀਮ ਅਧੀਨ ਸਕੂਲਾਂ ਵਿੱਚ Multimedia Devices ਜਿਵੇਂ ਕਿ 32” LCDs with Computers (500 Nos.), LFDs with Computers (1400 Nos.), K-YAN (470 Nos.) ਅਤੇ ICPs (500 Nos.) Integrated Computer cum Projectors)) ਆਦਿ ਉਪਲਬਧ ਕਰਵਾਏ ਗਏ ਹਨ (list of schools attached)।

3.0 ਇਨ੍ਹਾਂ ਉਪਕਰਨਾਂ ਦੀ ਸਹਾਇਤਾ ਨਾਲ ਵਿਸ਼ਾਵਾਰ ਅਧਿਆਪਕ Educational Contents/Videos (e-contents) ਦੀ ਵਰਤੋਂ ਕਰਕੇ ਆਪਣੇ ਵਿਸ਼ੇ ਨੂੰ ਹੋਰ ਰੌਚਕ ਵਿਧੀ ਨਾਲ ਪੜ੍ਹਾ ਸਕਦੇ ਹਨ ਜਿਸ ਨਾਲ ਉਨ੍ਹਾਂ ਨੂੰ ਹੋਰ ਬੇਹਤਰ ਨਤੀਜੇ ਪ੍ਰਾਪਤ ਹੋਣਗੇ। ਪਰ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਇਨ੍ਹਾਂ ਉਪਕਰਨਾਂ ਦੀ ਵਰਤੋਂ ਕਈ ਸਕੂਲਾਂ ਵੱਲੋਂ ਨਹੀਂ ਕੀਤੀ ਜਾ ਰਹੀ ਹੈ।

4.0 ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਉਪਕਰਨਾਂ ਦੀ ਵਰਤੋਂ ਵਿਭਾਗ ਵੱਲੋਂ ਤਿਆਰ ਕੀਤੇ e-content ਰਾਹੀਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕਰਨੀ ਯਕੀਨੀ ਬਣਾਈ ਜਾਵੇ। ਜਿਨ੍ਹਾਂ ਸਕੂਲਾਂ ਵਿੱਚ Multimedia Devices ਖਰਾਬ ਹਾਲਤ ਵਿੱਚ ਪਏ ਹਨ, ਉਨ੍ਹਾਂ ਸਕੂਲਾਂ ਨੂੰ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਖਰਾਬ ਪਏ ਉਪਕਰਨਾਂ ਨੂੰ ਠੀਕ ਕਰਵਾ ਕਰਕੇ ਇਨ੍ਹਾਂ ਦੀ ਵਰਤੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕੀਤੀ ਜਾਵੇ।

5.0 ਕਲਾਸਰੂਮ ਦੀ ਅੰਦਰੂਨੀ ਅਤੇ ਬਾਹਰੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਸਬੰਧੀ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਮੀਮੋ ਨੰ. ਸਮੱਗਰਾ/ਸਮਾਰਟ ਸਕੂਲ/202129561 ਮਿਤੀ 28.01.2021 ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ (ਕਾਪੀ ਨੱਥੀ)।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ),**
**ਪੰਜਾਬ।**

ਪਿ.ਅੰ.ਨੰ. ਉਕਤ
ਮਿਤੀ 19/05/2021

ਉਤਾਰਾ ਸਰਕਲ ਪ੍ਰੋਜੈਕਟ ਕੁਆਰਡੀਨੇਟਰਜ਼ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ),**
**ਪੰਜਾਬ।**